Australian Government

## ਪਾਣੀ ਸਾਡੇ ਗ੍ਰਹਿ ‘ਤੇ ਇੱਕ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਹ ਮਨੁੱਖੀ ਸਿਹਤ ਅਤੇ ਤੰਦਰੁਸਤੀ ਲਈ ਜ਼ਰੂਰੀ ਹੈ, ਆਸਟ੍ਰੇਲੀਆ ਦੇ ਪ੍ਰਸਿੱਧ ਜਾਨਵਰਾਂ ਅਤੇ ਪੌਦਿਆਂ ਨੂੰ ਸਹਾਰਾ ਦਿੰਦਾ ਹੈ ਅਤੇ ਭੋਜਨ ਅਤੇ ਫਾਈਬਰ ਉਗਾਉਣ ਵਾਲੇ ਸਾਡੇ ਕਿਸਾਨਾਂ ਦੀ ਮਦਦ ਕਰਦਾ ਹੈ।

ਮੱਰੇ-ਡਾਰਲਿੰਗ ਨਦੀਆਂ ਸਾਡੇ ਦੇਸ਼ ਵਿਚ ਜੀਵਨ ਨੂੰ ਇਸ ਤਰ੍ਹਾਂ ਸਹਾਰਾ ਦੇਂਦੀਆਂ ਹਨ -

**3 ਮਿਲੀਅਨ**
(30 ਲੱਖ) ਤੋਂ ਵੱਧ
ਆਸਟ੍ਰੇਲੀਆ ਦੇ ਲੋਕਾਂ ਨੂੰ ਪੀਣ ਵਾਲਾ ਪਾਣੀ ਪ੍ਰਦਾਨ ਕਰਨਾ

ਖੇਤਾਂ ਨੂੰ ਵਧੇਰੇ ਉਤਪਾਦਕ ਬਣਾਉਣਾ, ਇੱਕ ਮਹੱਤਵਪੂਰਨ ਸੈਕਟਰ ਜੋ ਹਰ ਸਾਲ ਆਸਟ੍ਰੇਲੀਆ ਦੀ ਆਰਥਿਕਤਾ ਵਿੱਚ ਲਗਭਗ
**8.5 ਬਿਲੀਅਨ**
ਡਾਲਰ ਦਾ ਯੋਗਦਾਨ ਪਾਉਂਦਾ ਹੈ

ਦੇਸ਼ ਦੇ ਭੋਜਨ ਦਾ
**ਇੱਕ ਤਿਹਾਈ**
ਸਪਲਾਈ ਕਰਨਾ

ਮੱਛੀਆਂ, ਪੰਛੀਆਂ, ਥਣਧਾਰੀ ਜਾਨਵਰਾਂ, ਰੀਂਗਣ ਵਾਲੇ ਜਾਨਵਰਾਂ ਅਤੇ
**50 ਤੋਂ ਵੱਧ ਲੁਪਤ ਹੋਣ ਵਾਲੀਆਂ ਪ੍ਰਜਾਤੀਆਂ**
ਸਮੇਤ ਬਹੁਤ ਸਾਰੇ ਵਿਲੱਖਣ ਅਤੇ ਪ੍ਰਸਿੱਧ ਜਾਨਵਰਾਂ ਨੂੰ ਸੰਭਾਲਣਾ।



### ਪੌਦਿਆਂ, ਜਾਨਵਰਾਂ ਅਤੇ ਲੋਕਾਂ ਦੇ ਵਧਣ-ਫੁੱਲਣ ਵਾਲੇ ਵਾਤਾਵਰਣ ਨੂੰ ਬਣਾਉਣ ਲਈ ਪਾਣੀ ਜ਼ਰੂਰੀ ਹੈ।

ਮੱਰੇ-ਡਾਰਲਿੰਗ ਨਦੀਆਂ ਸੰਘਰਸ਼ ਕਰ ਰਹੀਆਂ ਹਨ ਅਤੇ ਪਾਣੀ ਦੀ ਮੰਗ ਵਧ ਰਹੀ ਹੈ। ਜੇਕਰ ਅਸੀਂ ਹੁਣ ਕੋਈ ਕਾਰਵਾਈ ਕਰਦੇ ਹਾਂ, ਤਾਂ ਅਸੀਂ ਯਕੀਨੀ ਬਣਾ ਸਕਦੇ ਹਾਂ ਕਿ ਮੁਰੇ-ਡਾਰਲਿੰਗ ਨਦੀਆਂ ਸਥਾਨਕ ਭਾਈਚਾਰਿਆਂ ਦੀ ਸਹਾਇਤਾ ਕਰਦੀਆਂ ਰਹਿਣ ਅਤੇ ਲੋਕਾਂ, ਪੌਦਿਆਂ ਅਤੇ ਜਾਨਵਰਾਂ ਨੂੰ ਕਾਇਮ ਰੱਖਦੀਆਂ ਹਨ।

**ਇਹ ਜਾਣੋ ਕਿ ਆਸਟ੍ਰੇਲੀਆ ਸਰਕਾਰ ਦੀ ਯੋਜਨਾ ਮੱਰੇ-ਡਾਰਲਿੰਗ ਨਦੀਆਂ ਨੂੰ ਕਿਵੇਂ ਮੁੜ-ਬਹਾਲ ਕਰੇਗੀ: murraydarling.gov.au**